# <u>ਘਰ ਦੇ ਕੰਮ (Homework) ਬਾਰੇ ਮਾਂ ਬਾਪ ਲਈ ਕੁਝ ਸ਼ਬਦ</u>
# <u>Words of Comfort to Parents About Homework</u>

ਲਗਭਗ ਦੋ ਤਿਹਾਈ ਕਨੇਡੀਅਨ ਮਾਂ ਬਾਪ ਅਜਿਹਾ ਮਹਿਸੂਸ ਕਰਦੇ ਹਨ ਕਿ ਉਹਨਾਂ ਕੋਲ ਬੱਚਿਆਂ ਦੀ ਘਰ ਦੇ ਕੰਮ ਵਿਚ ਮਦਦ ਲਈ ਗਿਆਨ ਹੀ ਨਹੀਂ ਹੈ।ਕਨੇਡੀਅਨ ਕੌਂਸਲ ਆਨ ਲਰਨਿੰਗ (*Canadian Council of Learning*) ਦੇ ਕੀਤੇ ਇੱਕ ਰਾਸ਼ਟਰੀ ਸਰਵੇਖ਼ਣ ਅਨੁਸਾਰ ਭਾਂਵੇ ਮਾਂ-ਬਾਪ ਬਚਿੱਆਂ ਘਰ ਦੇ ਕੰਮ ਵਿਚ ਮਦਦ ਨਹੀਂ ਕਰ ਸਕਦੇ ਪਰ 93% ਕਨੇਡੀਅਨ ਮਾਪਿਆਂ ਦਾ ਇਹ ਵਿਸ਼ਵਾਸ ਹੈ ਕਿ ਘਰ ਦਾ ਕੰਮ ਸਕੂਲ ਦੀ ਪੜ੍ਹਾਈ ਦਾ ਇਕ ਜ਼ਰੂਰੀ ਹਿੱਸਾ ਹੈ।

ਪਰ ਕੀ ਮਾਂ ਬਾਪ ਦਾ ਘਰ ਦੇ ਕੰਮ (*Homework*) ਵਿਚ ਅਯੋਗ ਹੋਣਾ ਇੱਕ ਗੰਭੀਰ ਸਮੱਸਿਆ ਹੈ? ਕਨੇਡੀਅਨ ਕੌਂਸਲ ਆਨ ਲਰਨਿੰਗ ਦੇ ਪ੍ਰਧਾਨ ਅਤੇ ਸੀ.ਈ.ਓ ਡਾ. ਪਾਲ ਕੈਪਨ ਨੇ ਸੰਖੇਪ ਵਿੱਚ ਜਵਾਬ “ਨਾਂਹ” ਵਿੱਚ ਦਿੱਤਾ।

ਘਰ ਦਾ ਕੰਮ ਅਜਿਹਾ ਹੋਣਾ ਚਾਹੀਦਾ ਹੈ ਕਿ ਮਾਂ ਬਾਪ ਜਾਂ ਅਧਿਆਪਕ ਦੀ ਮਦਦ ਤੋਂ ਬਿਨ੍ਹਾ ਕੀਤਾ ਜਾ ਸਕੇ। ਇਹ ਕਲਾਸ ਵਿੱਚ ਕੀਤੇ ਕੰਮ ਅਤੇ ਪ੍ਰਾਪਤ ਗਿਆਨ ਦੇ ਅਭਿਆਸ ਤੇ ਅਧਾਰਿਤ ਹੋਣਾ ਚਾਹੀਦਾ ਹੈ। ਵਿਦਿਆਰਥੀਆਂ ਨੂੰ ਉਹਨਾਂ ਚੀਜਾਂ ਦਾ ਅਭਿਆਸ ਆਪਣੇ ਆਪ ਨਹੀਂ ਕਰਨਾ ਚਾਹੀਦਾ ਜਿਹਨਾਂ ਵਿੱਚ ਉਹ ਪੂਰੀ ਤਰ੍ਹਾਂ ਨਿਪੁੰਨ ਨਹੀਂ ਹਨ, ਜਾਂ ਫ਼ਿਰ ਜਿਹੜੇ ਵਿਸ਼ੇ ਸਪੱਸ਼ਟ ਨਹੀਂ ਹਨ। ਜੇਕਰ ਘਰ ਦਾ ਕੰਮ ਬਹੁਤ ਮੁਸ਼ਕਿਲ ਹੋਵੇ ਤਾਂ ਉਹ ਲਾਭਦਾਇਕ ਨਹੀਂ ਰਹਿੰਦਾ ਅਤੇ ਵਿਦਿਆਰਥੀ ਵਾਸਤੇ ਇਸਦਾ ਮਹੱਤਵ ਵੀ ਖ਼ਤਮ ਹੋ ਜਾਂਦਾ ਹੈ।

ਪਰ ਮਾਂ-ਬਾਪ ਨੂੰ ਹੌਂਸਲਾ ਰੱਖ਼ਣਾ ਚਾਹੀਦਾ ਹੈ। ਉਹ ਕਿਸੇ ਖ਼ਾਸ ਵਿਸ਼ੇ ਵਿੱਚ ਮਹਾਰਤ ਹਾਸਲ ਕੀਤੇ ਬਿਨ੍ਹਾਂ ਵੀ ਆਪਣੇ ਬੱਚੇ ਦੀ ਘਰ ਦੇ ਕੰਮ ਵਿੱਚ ਮਦਦ ਕਰ ਸਕਦੇ ਹਨ। ਇਸ ਲਈ ਚਾਰ ਤਰੀਕੇ ਹੇਠਾਂ ਦਿੱਤੇ ਗਏ ਹਨ।

1. ਸਭ ਤੋਂ ਪਹਿਲਾਂ ਦੇਖੋ ਕਿ ਬੱਚੇ ਨੂੰ ਸਭ ਤੋਂ ਜਿਆਦਾ ਮੁਸ਼ਕਿਲ ਕਿੱਥੇ ਆ ਰਹੀ ਹੈ। ਜੇਕਰ ਬੱਚਾ ਅਧਿਆਪਕ ਦੁਆਰਾ ਦਿੱਤੇ ਕੰਮ ਨੂੰ ਸਮਝਣ ਅਤੇ ਪੂਰਾ ਕਰਨ ਵਿੱਚ ਤੁਹਾਡੀ ਮਦਦ ਚਾਹੁੰਦਾ ਹੈ ਤਾਂ ਇਸਦਾ ਅਰਥ ਹੈ ਕਿ ਉਸਨੂੰ ਕਲਾਸ ਵਿੱਚ ਪੜ੍ਹਾਇਆ ਗਿਆ ਵਿਸ਼ਾ ਸਮਝ ਨਹੀਂ ਆਇਆ। ਇਸਦਾ ਸਭ ਤੋਂ ਚੰਗਾ ਢੰਗ ਹੈ ਕਿ ਵਿਦਿਆਰਥੀ ਨੂੰ ਅਪਣੀ ਸਮੱਸਿਆ ਅਧਿਆਪਕ ਨਾਲ ਸਾਂਝੀ ਕਰਨ ਲਈ ਉਤਸ਼ਾਹਿਤ ਕਰੋ। ਵਿਦਿਆਰਥੀ, ਮਾਂ-ਬਾਪ ਅਤੇ ਅਧਿਆਪਕ, ਤਿੰਨੇ ਧਿਰਾਂ ਹੀ ਵਿਦਿਆਰਥੀ ਨੂੰ ਪੇਸ਼ ਆਂਉਦੀਆਂ ਮੁਸ਼ਕਿਲਾਂ ਦਾ ਹੱਲ ਲਭ ਸਕਦੀਆਂ ਹਨ।
2. ਬੱਚੇ ਨੂੰ ਮਿਲੇ ਸਕੂਲ ਦੇ ਕੰਮ ਵਿੱਚ ਦਿਲਚਸਪੀ ਲਓ। ਉਸਦੇ ਘਰ ਅਤੇ ਸਕੂਲ ਵਿੱਚ ਕੀਤੇ ਕੰਮ ਦੀ ਸਰਾਹਨਾ ਕਰੋ।
3. ਪਰਿਵਾਰ ਦੇ ਬਾਕੀ ਕੰਮਾਂ ਦੇ ਸਮੇਂ ਨਾਲ ਬੱਚੇ ਦੇ ਸਕੂਲ ਦੇ ਕੰਮ ਦਾ ਵੀ ਨੇਮ ਬਣਾਓ।
4. ਬੱਚੇ ਦੀਆਂ ਕੰਮ ਕਰਨ ਦੀਆਂ ਚੰਗੀਆਂ ਆਦਤਾਂ ਨੂੰ ਪ੍ਰਫੁਲੱਤ ਕਰੋ। ਉਸਦੇ ਕੰਮ ਦੀ ਸਮਾਂ ਸਾਰਣੀ ਬਣਾਓ ਅਤੇ ਕੰਮਾਂ ਦੀ ਪਹਿਲ ਨੂੰ ਤੈਅ ਕਰੋ ਤਾਂ ਜੋ ਅਪਣਾ ਕੰਮ ਅਨੁਸ਼ਾਸਿਤ ਤਰੀਕੇ ਨਾਲ ਕਰ ਸਕੇ ਤਾਂ ਜੋ ਸਮੇਂ ਸਿਰ ਕੰਮ ਪੂਰਾ ਨਾ ਹੋਣ ਦੀ ਹਫ਼ੜਾ-ਦਫ਼ੜੀ ਨਾ ਪਵੇ।

ਇਹ ਸਾਰੀ ਰਿਪੋਰਟ ਤੁਸੀਂ <u>http://www.ccl-cca.ca/CCL/Reports/Scal</u> ਤੇ ਪ੍ਰਾਪਤ ਕਰ ਸਕਦੇ ਹੋ।
ਇਹ ਲੇਖ਼ ਪਹਿਲੀ ਵਾਰ “ਪੀਪਲ ਫਾਰ ਐਜੁਕੇਸਨ” (*People for Education*) ਜਨਵਰੀ 11, 2007 ਦੇ ਅੰਕ ਵਿੱਚ ਛੱਪਿਆ।